# ਆਸੀਆਨ-ਭਾਰਤ ਦੇ ਉੱਚ ਅਧਿਕਾਰੀਆਂ ਦੀ 26ਵੀਂ ਬੈਠਕ (AISOM)

ਮਈ 03, 2024

ਸ਼੍ਰੀ ਜੈਦੀਪ ਮਜੂਮਦਾਰ, ਸਕੱਤਰ (ਪੂਰਬ) ਨੇ ਸਿੰਗਾਪੁਰ ਦੇ ਵਿਦੇਸ਼ ਮੰਤਰਾਲੇ ਦੇ ਸਥਾਈ ਸਕੱਤਰ, ਮਹਾਮਹਿਮ ਸ਼੍ਰੀ ਅਲਬਰਟ ਚੁਆ ਦੇ ਨਾਲ ਅੱਜ, ਨਵੀਂ ਦਿੱਲੀ ਵਿੱਚ, 26ਵੀਂ ਆਸੀਆਨ-ਭਾਰਤ ਦੇ ਉੱਚ ਅਧਿਕਾਰੀਆਂ ਦੀ ਬੈਠਕ (AISOM) ਦੀ ਸਹਿ-ਪ੍ਰਧਾਨਗੀ ਕੀਤੀ। । ਸਿੰਗਾਪੁਰ ਆਸੀਆਨ-ਭਾਰਤ ਸੰਵਾਦ ਸੰਬੰਧਾਂ ਦੇ ਵਾਸਤੇ, ਭਾਰਤ ਦਾ ਮੁਲਕ-ਕੋਆਰਡੀਨੇਟਰ ਹੈ। ਬੈਠਕ ਵਿੱਚ ਸਾਰੇ ਆਸੀਆਨ ਮੈਂਬਰ ਦੇਸ਼ਾਂ ਦੇ ਉੱਚ ਅਧਿਕਾਰੀਆਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਅਤੇ ਤਿਮੋਰ ਲੇਸਤੇ ਦੇਸ਼, ਜਿਸ ਨੂੰ ਆਸੀਆਨ ਵਿੱਚ ਆਬਜ਼ਰਵਰ ਦਾ ਦਰਜਾ ਪ੍ਰਾਪਤ ਹੈ, ਅਤੇ ਆਸੀਆਨ ਦੇ ਡਿਪਟੀ ਸਕੱਤਰ-ਜਨਰਲ ਨੇ ਭਾਗ ਲਿਆ।

2. 26ਵੇਂ AISOM ਵਿੱਚ ਆਸੀਆਨ-ਭਾਰਤ ਕਾਰਜ ਯੋਜਨਾ (2021-2025) ਵਿੱਚ ਦਰਸਾਏ ਅਨੁਸਾਰ ਰਾਜਨੀਤਕ-ਸੁਰੱਖਿਆ, ਆਰਥਿਕ ਅਤੇ ਸਮਾਜਿਕ-ਸੱਭਿਆਚਾਰਕ ਸਬੰਧਾਂ ਦੇ ਤਿੰਨ ਥੰਮ੍ਹਾਂ ਵਿੱਚ ਆਸੀਆਨ-ਭਾਰਤ ਸੰਬੰਧਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਸੀਨੀਅਰ ਅਧਿਕਾਰੀਆਂ ਨੇ ਆਸੀਆਨ-ਭਾਰਤ ਵਿਆਪਕ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਵਾਸਤੇ, 2023 ਵਿੱਚ ਜਕਾਰਤਾ ਵਿੱਖੇ, 20ਵੇਂ ਆਸੀਆਨ-ਭਾਰਤ ਸਿਖਰ ਸੰਮੇਲਨ ਵਿੱਚ ਐਲਾਨ ਕੀਤੇ ਗਏ, ਪ੍ਰਧਾਨ ਮੰਤਰੀਆਂ ਦੇ 12 ਨੁਕਾਤੀ ਪ੍ਰਸਤਾਵ ਨੂੰ ਲਾਗੂ ਕਰਨ ਬਾਰੇ ਵੀ ਚਰਚਾ ਕੀਤੀ। ਭਾਰਤ ਦੀ ਐਕਟ ਈਸਟ ਨੀਤੀ ਦੇ ਦਹਾਕੇ ਨੂੰ ਦਰਸਾਉਣ ਦੇ ਵਾਸਤੇ ਪ੍ਰਸਤਾਵਿਤ ਸਾਂਝੀਆਂ ਗਤੀਵਿਧੀਆਂ ਨੂੰ ਉਜਾਗਰ ਕੀਤਾ ਗਿਆ। ਆਪਸੀ ਹਿੱਤਾਂ ਦੇ ਖੇਤਰੀ ਅਤੇ ਵਿਸ਼ਵ-ਪੱਧਰੀ ਮੁੱਦਿਆਂ 'ਤੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ ਗਿਆ।

3. ਇਸ ਸਾਲ ਦੇ ਅੰਤ ਵਿੱਚ ਵਿਏਨਟਿਏਨ, ਲਾਓ PDR ਵਿੱਚ ਹੋਣ ਵਾਲੇ ਆਸੀਆਨ-ਭਾਰਤ ਸਿਖਰ ਸੰਮੇਲਨ ਦੀਆਂ ਤਿਆਰੀਆਂ ਬਾਰੇ ਵੀ ਚਰਚਾ ਕੀਤੀ ਗਈ। ਆਸੀਆਨ ਪੱਖ ਨੇ ਆਸੀਆਨ ਅਤੇ ਖੇਤਰ ਵਿੱਚ ਆਸੀਆਨ ਦੀ ਅਗਵਾਈ ਵਾਲੀ ਸਰੰਚਨਾ ਵਾਸਤੇ ਭਾਰਤ ਦੇ ਲਗਾਤਾਰ ਸਮਰਥਨ ਦੀ ਤਾਰੀਫ ਕੀਤੀ।

4. ਆਸੀਆਨ, ਤਿਮੋਰ-ਲੇਸਤੇ ਅਤੇ ਆਸੀਆਨ ਸਕੱਤਰੇਤ ਦੇ ਸੀਨੀਅਰ ਅਧਿਕਾਰੀਆਂ ਦੇ ਵਫ਼ਦ ਨੇ 03 ਮਈ, 2024 ਨੂੰ ਸੰਯੁਕਤ ਰੂਪ ਨਾਲ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨਾਲ ਮੁਲਾਕਾਤ ਕੀਤੀ। ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਆਸੀਆਨ ਭਾਰਤ ਦੀ ਐਕਟ ਈਸਟ ਨੀਤੀ ਅਤੇ ਵਿਆਪਕ ਹਿੰਦ-ਪ੍ਰਸ਼ਾਂਤ ਬਣਾਉਨ ਲਈ ਇਸਦੇ ਵੀਜ਼ਨ ਦਾ ਇੱਕ ਮਹੱਤਵਪੂਰਨ ਥੰਮ੍ਹ ਹੈ, ਵਿਦੇਸ਼ ਮੰਤਰੀ ਨੇ ਵਫ਼ਦ ਨੂੰ ਉਤਸ਼ਾਹਿਤ ਕੀਤਾ ਕਿ ਉਹ ਨਿਰਣਾਯਕ ਮਹੱਤਵ ਰੱਖਣ ਵਾਲੇ ਅਤੇ ਵਿਸ਼ੇਸ਼ ਨਤੀਜੇ ਪੈਦਾ ਕਰਨ ਵਾਲੇ ਮੁੱਦਿਆਂ 'ਤੇ ਧਿਆਨ ਕੇਂਦਰਤ ਕਰਨ, ਜਿਨ੍ਹਾਂ ਦੇ ਵਿੱਚ ਆਸੀਆਨ-ਭਾਰਤ ਵਪਾਰ ਮਾਲ ਸਮਝੌਤੇ (AITIGA) ਦੀ ਸਮੀਖਿਆ ਨੂੰ ਜਲਦੀ ਪੂਰਾ ਕਰਨਾ ਅਤੇ ਆਪਸੀ ਹਿੱਤ ਦੇ ਖੇਤਰੀ ਮੁੱਦੇ ਸ਼ਾਮਲ ਹਨ।

**ਨਵੀਂ ਦਿੱਲੀ**
**ਮਈ 03, 2024**